# ਸਾਲ 2024-2025 ਦੌਰਾਨ ਦਾਖਲੇ ਸਬੰਧੀ ਸੂਚਨਾ

ਜਿਹੜੇ ਵਿਦਿਆਰਥੀ ਸਾਲ **2024-2025** ਦੌਰਾਨ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿੱਚ ਵੱਖ-ਵੱਖ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾ ਦੇ ਭਾਗ ਪਹਿਲਾ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਹ ਵਿਦਿਆਰਥੀ ਪੰਜਾਬ ਸਰਕਾਰ ਦੇ ਦਾਖਲਾ ਪੋਰਟਲ https://admission.punjab.gov.in ਤੇ ਆਨਲਾਈਨ ਵਿਧੀ ਰਾਹੀ ਅੰਡਰ ਗ੍ਰੈਜੂਏਟ ਕਲਾਸਾਂ ਲਈ ਮਿਤੀ: 15/05/2023 ਅਤੇ ਪੋਸਟ ਗ੍ਰੈਜੂਏਟ ਕਲਾਸਾਂ ਲਈ 15/06/2024 ਤੋਂ ਅਪਲਾਈ ਕਰ ਸਕਦੇ ਹਨ । ਇਸ ਪੋਰਟਲ ਤੇ ਪੰਜਾਬ ਸਰਕਾਰ ਵੱਲੋਂ ਦਾਖਲੇ ਸਬੰਧੀ ਸਾਰੀਆਂ ਹਦਾਇਤਾ ਦਿੱਤੀਆਂ ਗਈਆਂ ਹਨ। ਵਿਦਿਆਰਥੀ ਇਹਨਾਂ ਹਦਾਇਤਾ ਨੂੰ ਧਿਆਨ ਨਾਲ ਪੜ ਕੇ ਆਨਲਾਈਨ ਅਪਲਾਈ ਕਰਨਗੇ, ਅਤੇ ਮੰਗੇ ਗਏ ਦਸਤਾਵੇਜ ਲੋੜ ਅਨੁਸਾਰ ਅਪਲੋਡ ਕਰਨਗੇ । ਵਿਦਿਆਰਥੀ ਸਮੇਂ ਸਮੇਂ ਸਿਰ ਇਸ ਪੋਰਟਲ ਨੂੰ ਮੈਰਿਟ ਲਿਸਟ, ਦਾਖਲੇ ਅਤੇ ਫੀਸਾ ਸਬੰਧੀ ਹਦਾਇਤਾ ਲਈ ਚੈਕ ਕਰਦੇ ਰਹਿਣਗੇ ।

**ਨੋਟ:** ( ਇਹ ਹਦਾਇਤਾਂ ਕੇਵਲ ਭਾਗ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਹਨ)

1. ਵਿਦਿਆਰਥੀ ਆਨਲਾਈਨ ਅਪਲਾਈ ਕਰਨ ਤੋਂ ਬਾਅਦ ਫਾਈਨਲ ਸਬਮਿਸ਼ਨ ਕਰਕੇ ਤੁਰੰਤ ਕਾਲਜ ਵਿੱਚ ਐਡਮਿਸ਼ਨ ਫਾਰਮ ਦੀ ਹਾਰਡ ਕਾਪੀ ਸਵੇਰੇ 10.00 ਤੋਂ 2.00 ਵਜੇ ਤੱਕ ਨਿਮਨ ਅਨੁਸਾਰ ਜਮਾਂ ਕਰਵਾਉਣਗੇ। ਜੋ ਡਾਕੂਮੈਂਟ ਆਨਲਾਈਨ ਅਪਲੋਡ ਕੀਤੇ ਹਨ ਉਨਾਂ ਸਾਰੇ ਡਾਕੂਮੈਂਟ ਦੀ ਫੋਟੋ ਕਾਪੀ ਐਡਮਿਸ਼ਨ ਫਾਰਮ ਨਾਲ ਲਗਾਉਣੀ ਜਰੂਰੀ ਹੈ।

| ਕੋਰਸ ਦਾ ਨਾਮ | ਸਥਾਨ ਜਿੱਥੇ ਐਡਮਿਸ਼ਨ ਫਾਰਮ ਜਮਾਂ ਕਰਵਾਏ ਜਾਣੇ ਹਨ। |
|---|---|
| **B.A-1** | M.Sc-IT Computer Lab |
| **BCA-1** | BCA Computer Lab |
| **B.Sc-1 (Medical & Non Medical)** | Physics Lab |
| **B.Com-1** | Commerce Department |
| **PGDCA, M.Sc-IT** | BCA Computer Lab |
| **M.A-Economics** | Economics Department |
| **M.A-English** | English Department |
| **M.A-Political Science** | Political Science Department |

2. ਜੇਕਰ ਕਿਸੇ ਵਿਦਿਆਰਥੀ ਨੂੰ ਦਾਖਲਾ ਫਾਰਮ ਅਪਲਾਈ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਦੀ ਹੈ ਜਾਂ ਤਾਂ ਵਿਦਿਆਰਥੀ ਕਾਲਜ ਵਿੱਚ ਲੱਗੇ ਹੈਲਪ ਡੈਸਕ ਨਾਲ ਸੰਪਰਕ ਕਰ ਸਕਦੇ ਹਨ।
3. ਦਾਖਲਾ ਉਪਰੰਤ ਜੇਕਰ ਕਿਸੇ ਵਿਦਿਆਰਥੀ ਦਾ ਕੋਈ ਦਸਤਾਵੇਜ ਅਯੋਗ ਪਾਇਆ ਗਿਆ ਤਾਂ ਉਸ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾਵੇਗਾ ਅਤੇ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਦੀ ਨਿਰੋਲ ਜਿਮੇਵਾਰੀ ਵਿਦਿਆਰਥੀ ਦੀ ਨਿੱਜੀ ਹੋਵੇਗੀ।